# ਦਲਿਤ-ਚੇਤਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਜਗਬੀਰ ਸਿੰਘ*

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦਾ ਅਦੁੱਤੀ ਧਰਮ-ਗ੍ਰੰਥ ਹੋਣ ਦੇ ਨਾਲ ਨਾਲ, ਮੱਧਕਾਲੀਨ ਭਾਰਤ ਦੀ ਮੁੱਲਵਾਨ ਸਾਮਾਜਿਕ ਅਤੇ ਸਭਿਆਚਾਰਕ ਟੈਕਸਟ ਵੀ ਹੈ। ਗੁਰੂ ਅਰਜੁਨ ਦੇਵ ਜੀ ਵਲੋਂ ਸੰਪਾਦਿਤ ਇਸ ਰਚਨਾ ਵਿਚ ਗੁਰੂ-ਵਿਅਕਤੀਆਂ ਤੋਂ ਇਲਾਵਾ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਬਾਣੀ ਵੀ ਸ਼ਾਮਿਲ ਹੈ, ਜੋ ਇਸ ਨੂੰ ਸਰਬ-ਭਾਰਤੀ ਮਹੱਤਵ ਪ੍ਰਦਾਨ ਕਰਦੀ ਹੈ। ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਥ ਦੇ ਮੁਹਾਵਰੇਰਾਹੀਂ ਸੰਬੋਧਿਤ ਹੋਣ ਵਾਲੀ ਇਹ ਰਚਨਾ, ਅਰਥਾਂ ਦਾ ਬਹੁ-ਪਰਤੀ ਤੇ ਬਹੁ-ਪਾਸਾਰੀ ਸੰਗਠਨ ਉਸਾਰਦੀ ਹੈ। ਜੇ ਇਕ ਪਾਸੇ ਇਹ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਦਾ ਸਦੀਵੀ ਪ੍ਰੇਰਣਾ-ਸਰੋਤ ਬਣਦੀ ਹੈ ਤਾਂ ਦੂਜੇ ਪਾਸੇ ਇਹ ਸਾਮਾਜਿਕ ਸੰਸਥਾਵਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕ੍ਰਾਂਤੀਕਾਰੀ ਪ੍ਰਵਚਨ ਦਾ ਨਿਰਮਾਨ ਕਰਦੀ ਹੈ। ਗੁਰਬਾਣੀ ਦਾ ਇਹ ਕ੍ਰਾਂਤੀਕਾਰੀ ਪ੍ਰਵਚਨ ਮੱਧਕਾਲੀਨ ਭਾਰਤੀ ਸਮਾਜ-ਸੱਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ ਅਤੇ ਮੂਲਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵਲ ਰੁਚਿਤ ਹੁੰਦਾ ਹੈ। ਇਹ ਸਮਾਜ ਦੇ ਉਨ੍ਹਾਂ ਨੀਵੇਂ ਨਿਤਾਣੇ ਤੇ ਦੱਬੇ ਕੁਚਲੇ ਲੋਕਾਂ ਦਾ ਪੱਖ ਪੂਰਦਾ ਹੈ ਜੋ ਤੱਤਕਾਲੀਨ ਵਿਵਸਥਾ ਵਿਚ ਧਾਰਮਿਕ ਵਿਤਕਰੇ,ਆਰਥਕ ਸ਼ੋਸ਼ਣ ਅਤੇ ਸਾਮਾਜਿਕ ਅਨਿਆਂ ਦਾ ਸ਼ਿਕਾਰ ਹਨ। ਇਸ ਤੋਂ ਇਲਾਵਾ ਗੁਰਬਾਣੀ ਇਹ ਪ੍ਰਵਚਨ ਇਕ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਉਪਰਾਲਾ ਕਰਦਾ ਹੈ ਜੋ ਨਿਜ-ਕੇਂਦ੍ਰਿਤ ਜਾਂ ਹਉਮੈਧਾਰੀ ਜਵਿਨ-ਜਾਚ ਦੀ ਤੰਗ ਵਲਗਣ ਵਿਚੋਂ ਨਿਕਲ ਕੇ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਕੇ ਜਿਉਂ ਸਕੇ ਅਤੇ ਹਰ ਕਿਸਮ ਦੇ ਮਸਨੂਈ ਵਿਤਕਰਿਆਂ ਤੋਂ ਨਿਰਲੇਪ ਹੋਕੇ ਵਿਚਰ ਸਕੇ। ਦੂਸਰੇ ਸ਼ਬਦਾਂ ਵਿਚ ਇਹ ਪ੍ਰਵਚਨ ਨਿਰੋਲ ਵਿਅਕਤੀਗਤ ਮੁਕਤੀ ਦਾ ਸਿੱਧਾਂਤ ਪੇਸ਼ ਨਹੀਂ ਕਰਦਾ ਸਗੋਂ ਸਾਮਾਜਿਕ ਯਥਾਰਥ ਦੇ ਸਮੱਸਿਆਗ੍ਰਸਤ ਪਾਸਾਰ ਨਾਲ ਵੀ ਡੂੰਘਾ ਸਰੋਕਾਰ ਜੋੜਦਾ ਹੈ। ਭਾਵੇਂ ਇਸ ਬਾਣੀ ਦੀ ਸਿਰਜਣਾ ਮੱਧਕਾਲ ਵਿਚ ਹੋਈ ਹੈ ਪਰ ਇਸ ਦੇ ਕ੍ਰਾਂਤੀਕਾਰੀ ਪ੍ਰਵਚਨ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅਜਿਹੀਆਂ ਹਨ ਜੋ ਅਜੋਕੇ ਸਮਾਜ-ਸੱਭਿਆਚਾਰ ਵਿਚ ਵੀ ਅਤਿਅੰਤ ਸਾਰਥਕ ਤੇ ਪ੍ਰਾਸੰਗਿਕ ਹਨ। ਹਥਕੇ ਪਰਚੇ ਵਿਚ ਅਸੀਂ ਗੁਰਬਾਣੀ ਦੇ ਪ੍ਰਵਚਨ ਨੂੰ ਇਕ ਅਜਿਹੀ ਹੀ ਮਹੱਤਵਪੂਰਣ ਅੰਤਰਦ੍ਰਿਸ਼ਟੀ ਦੇ ਹਵਾਲੇ ਨਾਲ ਵਾਚਣ ਦਾ ਉਪਰਾਲਾ ਕੀਤਾ ਹੈ ਜਿਸ ਦਾ ਸੰਬੰਧ ਸਮਕਾਲੀ ਮੁਹਾਵਰੇ ਅਨੁਸਾਰ ਦਲਿਤ-ਚੇਤਨਾ ਨਾਲ ਹੈ।

ਇਸ ਮੰਤਵ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਪ੍ਰਬੰਧ ਨੂੰ ਨਿਰੋਲ ਰੂਹਾਨੀਅਤ ਦੇ ਪਰਮਾਥਕ ਸੰਦਰਭ ਵਿਚ ਰੱਖ ਕੇ ਨਹੀਂ ਸਗੋਂ ਸਾਮਾਜਿਕ ਅਤੇ ਰਾਜਨੀਤਕ ਯਥਾਰਥ ਨਾਲ ਜੋੜ ਕੇ ਵਾਚਣਾ ਪਵੇਗਾ। ਇਕ ਤਰ੍ਹਾਂ ਨਾਲ ਸਾਨੂੰ ਗੁਬਾਣੀ ਦੇ ਪਾਵਨ ਪਾਠ ਦਾ ਵਰਤਮਾਨ ਦੀ ਦ੍ਰਿਸ਼ਟੀ ਤੋਂ ਪੁਨਰ-ਪਾਠ ਕਰਨਾ ਪਵੇਗਾ ਅਤੇ ਇਸ ਦੇ ਸਾਮਾਜਿਕ-ਸਭਿਆਚਾਰਕ ਸੰਦਰਭ ਨੂੰ ਵੀ ਵਧੇਰੇ ਨੀਝ ਨਾਲ ਦ੍ਰਿਸ਼ਟੀਗੋਚਰ ਕਰਨਾ ਪਵੇਗਾ।

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਸੱਭ ਤੋਂ ਪਹਿਲਾਂ ਦਲਿਤ ਦੇ ਸੰਕਲਪ ਬਾਰੇ ਕਰਨੀ ਬਣਦੀ ਹੈ। ਭਾਵੇਂ ਇਸ ਸ਼ਬਦ ਦਾ ਕੋਸ਼-ਅਰਥ ਹੈ – ਦੱਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ (the oppressed) ਮਨੁੱਖ। ਪਰ ਅਜੋਕੇ ਸਮੇਂ ਇਸ ਦੀ ਵਰਤੋਂ ਸਨਾਤਨੀ ਵਰਣ-ਵਿਵਸਥਾ ਜਾਂ ਜਾਤੀ-ਪ੍ਰਥਾ ਅਨੁਸਾਰ ਸ਼ੂਦਰ ਜਾਂ ਅਛੂਤ ਆਖੀਆਂ ਜਾਣ ਵਾਲੀਆਂ ਜਾਤੀਆਂ, ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ। ਅਖਾਉਤੀ ਸੁਵਰਣ ਜਾਤੀਆਂ ਜਾਂ ਕੁਲੀਨ ਵਰਗਾਂ ਵਲੋਂ ਵਿਤਕਰੇ, ਸ਼ੋਸ਼ਣ ਅਤੇ ਦਮਨ ਦਾ ਸ਼ਿਕਾਰ ਹੋਈਆਂ ਇਨ੍ਹਾਂ ਸ਼੍ਰੇਣੀਆਂ ਵਿਚ ਵਧ ਰਹੀ ਚੇਤਨਾ ਨੇ ਇਨ੍ਹਾਂ ਨੂੰ ਆਪਣੇ ਨਾਲ ਹੋਈਆਂ ਇਤਿਹਾਸਕ ਬੇ-ਇਨਸਾਫ਼ੀਆਂ ਅਤੇ ਵਿਤਕਰਿਆਂ ਪ੍ਰਤਿ ਹੀ ਸੁਚੇਤ ਨਹੀਂ ਕੀਤਾ ਸਗੋਂ ਇਸ ਦਮਨ ਤੋਂ ਮੁਕਤ ਹੋਣ ਲਈ ਰਾਜਨੀਤਕ ਸੰਘਰਸ਼ ਦੇ ਮਹੱਤਵ ਬਾਰੇ ਵੀ ਜਾਗ੍ਰਿਤ ਕਰ ਦਿਤਾ ਹੈ। ਇਹੀ ਕਾਰਨ ਹੈ ਕਿ ਸਮਕਾਲੀਨ ਸੰਦਰਭ ਵਿਚ ਇਹ ਸ਼ਬਦ ਸਾਧਾਰਣ ਅਰਥਾਂ ਤੋਂ ਇਲਾਵਾ ਡੂੰਘੇ ਰਾਜਨੀਤਕ ਅਰਥ ਵੀ ਗ੍ਰਹਿਣ ਕਰ ਗਿਆ ਹੈ। ਇਹ ਦਲਿਤ ਵਰਗ ਵਿਚ ਪੈਦਾ ਹੋ ਰਹੀ ਨਵੀਂ ਚੇਤਨਾ ਅਤੇ ਸਵੈ-ਪਹਿਚਾਨ ਦਾ ਅਤੇ ਸਦੀਆਂ ਦੀ ਗ਼ੁਲਾਮੀ ਦੇ ਵਿਰੁੱਧ ਉੱਭਰ ਰਹੇ ਆਕ੍ਰੋਸ਼ ਦਾ ਵੀ ਪ੍ਰਤੀਕ ਬਣ ਗਿਆ ਹੈ।

ਦਲਿਤ ਸ਼ਬਦ ਦੀ ਉਪਰੋਕਤ ਪਰਿਭਾਸ਼ਾ ਨੂੰ ਸਾਮ੍ਹਣੇ ਰੱਖ ਕੇ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸਮੁੱਚੇ ਭਾਰਤ ਵਿਚ ਦਲਿਤ ਚੇਤਨਾ ਨਾਲ ਸੰਬੰਧਿਤ ਇਹ ਪਹਿਲੀ ਮਹੱਤਵਪੂਰਣ ਟੈਕਸਟ ਹੈ। ਸੱਚ ਤਾਂ ਇਹ ਹੈ ਕਿ ਸੱਭ ਤੋਂ ਪਹਿਲਾਂ ਮੱਧਕਾਲੀਨ ਭਾਰਤ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਨੇ ਜਾਤੀ-ਪ੍ਰਥਾ ਹਥੋਂ ਪੀੜਤ ਵਰਗਾਂ ਦੇ ਪੱਖ ਵਿਚ ਆਵਾਜ਼ ਬੁਲੰਦ ਕੀਤੀ। ਇਨ੍ਹਾਂ ਧਰਮ-ਪ੍ਰਵਰਤਕਾਂ ਦੇ ਕ੍ਰਾਂਤੀਕਾਰੀ ਪ੍ਰਵਚਨ ਦੀ ਪ੍ਰਤਿਨਿਧ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿਚ ਪ੍ਰਾਪਤ ਹੈ। ਇਨ੍ਹਾਂ ਧਰਮ-ਪ੍ਰਵਰਤਕਾਂ ਵਿਚ ਭਗਤ ਕਬੀਰ, ਨਾਮਦੇਵ ਅਤੇ ਰਵਿਦਾਸ ਵਰਗੇ ਅਜਿਹੇ ਬਾਣੀਕਾਰ ਵੀ ਹਨ ਜੋ ਖ਼ੁਦ ਦਲਿਤ ਜਾਤੀਆਂ ਵਿਚੋਂ ਹਨ ਅਤੇ ਆਪਣੀ ਦਲਿਤ ਸਥਿਤੀ ਬਾਰੇ ਨਾ ਸਿਰਫ਼ ਪੂਰੀ ਤਰ੍ਹਾਂ ਚੇਤਨ ਹਨ ਸਗੋਂ ਇਸ ਨੂੰ ਕਿਸੇ ਕਿਸਮ ਦੀ ਨਮੋਸ਼ੀ ਦਾ ਕਾਰਣ ਨਹੀਂ ਸਮਝਦੇ। ਮਿਸਾਲ ਵਜੋਂ ਭਗਤ ਰਵਿਦਾਸ ਜੀ ਦੀ ਬਾਣੀ ਦੀਆਂ ਮਿਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ॥3॥

(ਗੁਰੂ ਗ੍ਰੰਥ ਸਾਹਿਬ, ਪੰਨਾ-486 )

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ

ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥3॥1॥

(ਗੁਰੂ ਗ੍ਰੰਥ ਸਾਹਿਬ, ਪੰਨਾ- 1293)

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਹੋਰ ਪ੍ਰਮੁੱਖ ਬਾਣੀਕਾਰ ਭਗਤ ਨਾਮਦੇਵ ਜੀ ਨੇ ਵੀ ਨਿਮਨ-ਅੰਕਿਤ ਪੰਗਤੀਆਂ ਵਿਚ ਆਪਣੀ ਦਲਿਤ ਸਥਿਤੀ ਦੀ ਚੇਤਨਾ ਨੂੰ ਹੀ ਪ੍ਰਗਟਾਇਆ ਹੈ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥1॥
ਹੀਨੜੀ ਜਾਤਿ ਮੇਰੀ  ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥1॥ ਰਹਾਉ ॥
ਲੈ ਕਮਲੀ ਚਲਿਓ ਪਲਟਾਇ ॥
ਦੇਹੁਰੈ ਪਾਛੈ ਬੈਠਾ ਜਾਇ ॥2॥

(ਗੁਰੂ ਗ੍ਰੰਥ ਸਾਹਿਬ, ਪੰਨਾ-1164)

ਇਸੇ ਤਰ੍ਹਾਂ ਗੁਰੂ-ਸਾਹਿਬਾਨ ਖਤਰੀ ਜਾਤੀ ਨਾਲ ਸੰਬੰਧਿਤ ਹੋਣ ਕਾਰਣ ਭਾਵੇਂ ਖ਼ੁਦ ਦਲਿਤ ਨਹੀਂ ਸਨ ਪਰ ਉਨ੍ਹਾਂ ਦੀ ਪੂਰੀ ਹਮਦਰਦੀ ਅਤੇ ਪ੍ਰਤਿਬੱਧਤਾ ਇਸੇ ਵਰਗ ਨਾਲ ਰਹੀ ਹੈ। ਅਤੇ ਉਹ ਹੱਕ, ਸੱਚ, ਅਤੇ ਨਿਆਂ ਦੀ ਖ਼ਾਤਿਰ ਦਲਿਤ ਦਾ ਹੀ ਪੱਖ ਪੂਰਦੇ ਦਿਖਾਈ ਦਿੰਦੇ ਹਨ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥4॥3॥

(ਗੁਰੂ ਗ੍ਰੰਥ ਸਾਹਿਬ, ਪੰਨਾ- 15)

ਜਦੋਂ ਅਸੀਂ ਇਨ੍ਹਾਂ ਪੰਗਤੀਆਂ ਨੂੰ ਸਭਿਆਚਾਰਕ ਪ੍ਰਵਚਨ ਵਜੋਂ ਵਾਚਦੇ ਹਾਂ ਤਾਂ ਹਿ ਗੱਲ ਪ੍ਰਤੱਕ ਤੌਰ ਤੇ ਉਜਾਗਰ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਧਾਰਕ ਪ੍ਰਤਿਬੱਧਤਾ ਉਨ੍ਹਾਂ ਅਖਾਉਤੀ **ਨੀਚਾਂ** (ਦੱਬੇ-ਕੁਚਲੇ, ਨੀਵੇਂ, ਨਿਤਾਣੇ ਵਰਗਾਂ) ਨਾਲ ਹੈ ਜਿਨ੍ਹਾਂ ਨੂੰ ਅਜੋਕੀ ਸ਼ਬਦਾਵਲੀ ਵਿਚ ਦਲਿਤ ਆਖਿਆ ਜਾਂਦਾ ਹੈ। ਇਹ ਵਰਗ ਸਰਬ-ਸਾਧਾਰਣ ਮਾਨਵਤਾ ਦਾ ਉਹ ਅੰਗ ਹ ਜੋ ਸੱਤਾਧਾਰੀ ਕੁਲੀਨ ਵਰਗਾਂ ਜਾਂ ਅਖਾਉਤੀ ਸੁਵਰਣ ਜਾਤੀਆਂ ਦੇ ਸ਼ੋਸ਼ਣ ਅਤੇ ਦਮਨ ਦਾ ਸ਼ਿਕਾਰ ਬਣਿਆ ਰਿਹਾ ਹੈ। ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਣ-ਵਿਵਸਥਾ ਦੀ ਮਿੱਥ ਨੂੰ ਰੂਹਾਨੀ ਧਰਾਤਲ ਉੱਤੇ ਰੱਦ ਕਰ ਦਿੰਦਾ ਹੈ । ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਮ੍ਹਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ

ਸਥਾਪਿਤ ਕਰਦਾ ਹੈ ਅਤੇ ਜਾਤਿ ਦੀ ਥਾਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਾ ਹੈ। ਗੁਰਬਾਣੀ ਵਿਚ ਇਸ ਕਿਸਮ ਦੇ ਰੂਹਾਨੀ ਵਿਵੇਕ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ। ਇਸ ਸੰਦਰਭ ਵਿਚ ਉਦਾਹਰਣ ਵਜੋਂ ਕੁਝ ਪੰਗਤੀਆਂ ਪਸ਼ੇ ਹਨ :

ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨ ਹੇ ॥1॥ ਰਹਾਉ ॥

(ਗੁਰੂ ਗ੍ਰੰਥ ਸਾਹਿਬ, ਪੰਨਾ- 349)

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥1॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥1॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥2॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥3॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥

(ਗੁਰੂ ਗ੍ਰੰਥ ਸਾਹਿਬ, ਪੰਨਾ- 324)

ਜਾਤਿ ਬਰਨ ਕੁਲ ਸਹਸਾ ਚੂਕਾ
ਗੁਰਮਤਿ ਸਬਦਿ ਬੀਚਾਰੀ ॥1॥
ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ
ਹਿੰਸਾ ਲੋਭੁ ਵਿਸਾਰੇ ॥
ਸਹਜਿ ਰਵੈ ਵਰੁ ਕਾਮਣਿ
ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥2॥

(ਗੁਰੂ ਗ੍ਰੰਥ ਸਾਹਿਬ, ਪੰਨਾ-1198)

ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆ ਹਨ ਜਿਨ੍ਹਾਂ ਵਿਚ ਜਾਤੀ-ਪ੍ਰਥਾ ਦੇ ਮਸਨੂਈ ਪਰ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਗਿਆ ਹੈ। ਕਿਧਰੇ ਰੂਹਾਨੀ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ। ਵਾਸਤਵ ਵਿਚ ਭਗਤੀ ਲਹਿਰ ਨੇ ਮੱਧਕਾਲੀਨ ਭਾਰਤ ਵਿਚ ਜਿਸ ਸਭਿਆਚਾਰਕ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਸੀ ਉਸਦੇ ਮੂਲ ਸਰੋਕਾਰਾ ਵਿਚ

ਦਲਿਤ-ਚੇਤਨਾ ਅਤੇ ਮਾਨਵ-ਮੁਕਤੀ ਨੂੰ ਪ੍ਰਮੁੱਖਤਾ ਹਾਸਿਲ ਸੀ। ਸੰਤਾ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਪ੍ਰਵਚਨ ਇਸੇ ਲਈ ਸਾਮਾਜਿਕ ਅਤੇ ਸਭਿਆਚਾਰਕ ਧਰਾਤਲ ਉੱਤੇ ਕ੍ਰਾਂਤੀ ਦਾ ਸਰਚਸ਼ਮਾ ਬਣ ਕੇ ਉੱਭਰਦਾ ਹੈ। ਇਹ ਇਕ ਪਾਸੇ ਮੁਗ਼ਲ-ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਹਕੂਮਤੀ ਤਸ਼ੱਦਦ ਦਾ ਮੁਕਾਬਲਾ ਕਰਨ ਲਈ ਨੈਤਿਕ ਮਨੋਬਲ ਪੈਦਾ ਕਰਦਾ ਹੈ ਤਾਂ ਦੂਸਰੇ ਪਾਸੇ ਇਹ ਬ੍ਰਾਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਦੇ ਮਾਨਵ-ਦੋਖੀ ਕਿਰਦਾਰ ਨੂੰ ਵੀ ਉਘਾੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿਸ ਕਿਸਮ ਦੇ ਆਦਰਸ਼ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਨ ਦਾ ਰੂਹਾਨੀ ਪ੍ਰਾਜੈਕਟ ਸਾਮ੍ਹਣੇ ਲਿਆਂਦਾ ਸੀ ਉਸ ਦੀ ਬੁਨਿਆਦ ਦਲਿਤ-ਚੇਤਨਾ ਉੱਪਰ ਹੀ ਰੱਖੀ ਗਈ ਪ੍ਰਤੀਤ ਹੁੰਦੀ ਹੈ। ਇਹ ਪ੍ਰਾਜੈਕਟ ਮਾਨਵ-ਮੁਕਤੀ ਦਾ ਇਕ ਅਜਿਹਾ ਸੰਕਲਪ ਪੇਸ਼ ਕਰਦਾ ਹੈ ਜੋ ਪਾਰਲੌਕਿਕ ਨਹੀਂ ਸਗੋਂ ਇਹ-ਲੌਕਿਕ ਹੈ। ਭਗਤ ਨਾਮਦੇਵ ਜੀ ਦੇ ਸ਼ਬਦਾਂ ਵਿਚ :

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ ॥1॥
ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ ॥2॥

(ਗੁਰੂ ਗ੍ਰੰਥ ਸਾਹਿਬ, ਪੰਨਾ-1292-93)

ਇਸੇ ਤਰ੍ਹਾਂ ਭਗਤ ਰਵਿਦਾਸ ਜੀ ਨੇ ਰੂਹਾਨੀ ਜਾਗ੍ਰਿਤੀ ਦੇ ਫਲਰੂਪ ਪ੍ਰਾਪਤ ਹੋਣ ਵਾਲੀ ਮੁਕਤ-ਅਵਸਥਾ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਮੂਰਤੀਮਾਨ ਕੀਤਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ
ਮਾਥੈ ਛਤ੍ਰੁ ਧਰੈ ॥1॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ
ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ
ਕਾਹੂ ਤੇ ਨ ਡਰੈ ॥1॥

(ਗੁਰੂ ਗ੍ਰੰਥ ਸਾਹਿਬ, ਪੰਨਾ-1106)

ਮੱਧਕਾਲੀਨ ਭਾਰਤ ਵਿਚ ਦਲਿਤ ਦੀ ਸਥਿਤੀ ਤੇ ਮਾਨਸਿਕਤਾ ਨੂੰ ਮਨੂਵਦੀ ਵਿਚਾਰਧਾਰਾ ਦਾ ਪੱਖ ਪੂਰਨ ਵਾਲੀਆਂ ਅਨੇਕਾਂ ਮਿੱਥਾਂ, ਪਰੰਪਰਕ ਧਾਰਣਾਵਾਂ, ਅਤੇ ਕਰਮ-ਸਿਧਾਂਤ ਵਰਗੇ ਪਰਾਭੌਤਿਕ ਵਿਚਾਰ-ਪ੍ਰਬੰਧਾਂ ਨੇ ਅਤਮਹੀਣਤਾ ਅਤੇ ਜ਼ਿਹਨੀ ਗ਼ੁਲਾਮੀ ਦੇ ਅਹਿਸਾਸ ਨਾਲ ਭਰ ਦਿੱਤਾ ਸੀ। ਅਜਿਹੀ ਸਥਿਤੀ ਵਿਚ ਸ੍ਰੀ ਗੁਰੂ ਗ੍ਰੰਥ

ਸਾਹਿਬ ਦੀ ਬਾਣੀ ਕੁਲੀਨ ਵਰਗ ਦੇ ਵਿਚਾਰਧਾਰਾਈ ਪ੍ਰਬੰਧਾਂ ਦਾ ਪ੍ਰਤਿ-ਉੱਤਰ ਪੇਸ਼ ਕਰਨ ਲਈ ਕ੍ਰਾਂਤੀਕਾਰੀ ਪ੍ਰਵਚਨ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ ਅਤੇ ਦੱਬੇ-ਕੁਚਲੇ, ਨੀਵੇਂ, ਨਿਤਾਣੇ ਲੋਕਾਂ ਨੂੰ ਆਤਮ-ਸਨਮਾਨ ਨਾਲ ਜਿਉਣ ਦਾ ਰਾਹ ਦਰਸਾਉਂਦੀ ਹੈ। ਮੱਧਕਾਲੀ ਚੇਤਨਾ-ਵਿਧੀ ਦੇ ਅਨੁਰੂਪ ਇਸ ਪ੍ਰਵਚਨ ਦਾ ਮੁਹਾਵਰਾ ਅਤੇ ਮੁਹਾਂਦਰਾ ਭਾਵੇਂ ਪਰਾਭੌਤਿਕਤਾ ਦੇ ਨੇੜੇ ਤੇੜੇ ਵਿਚਰਦਾ ਹੈ ਪਰ ਇਸ ਦੇ ਸਰੋਕਾਰ ਡੂੰਘੀ ਤਰ੍ਹਾਂ ਸਾਧਾਰਣ ਲੋਕਾਈ ਅਤੇ ਦਲਿਤ ਵਰਗਾਂ ਨਾਲ ਜੁੜੇ ਹੋਏ ਹਨ। ਇਸੇ ਲਈ ਅੰਤਿਮ ਤੌਰ ਤੇ ਗੁਰਬਾਣੀ ਦਾ ਸਮੁੱਚਾ ਪਾਠ-ਪ੍ਰਬੰਧ ਦਲਿਤ-ਚੇਤਨਾ ਦਾ ਪ੍ਰਵਚਨ ਬਣ ਕੇ ਉਜਾਗਰ ਹੁੰਦਾ ਹੈ। ਇਸ ਤੋਂ ਇਲਾਵਾ ਇਹ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਸੰਘਰਸ਼ ਕਰਨ ਦੀ ਪ੍ਰੇਰਣਾ ਵੀ ਜਗਾਉਂਦਾ ਹੈ। ਇਹ ਮਨੁੱਖ-ਮਾਤਰ ਦੀ ਬੁਨਿਆਦੀ ਏਕਤਾ ਅਤੇ ਸਮਾਨਤਾ ਦਾ ਅਜਿਹਾ ਧਰਾਤਲ ਤਲਾਸ਼ ਕਰਦਾ ਹੈ ਜਿੱਥੇ ਕੁਲੀਨ ਅਤੇ ਦਲਿਤ ਦਾ ਵਿਤਕਰਾ ਮਿਟ ਜਾਂਦਾ ਹੈ।

ਸਮਕਾਲੀਨ ਸੰਦਰਭ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਪ੍ਰਬੰਧ ਅਤੇ ਪ੍ਰਵਚਨ ਵਿਚ ਪੇਸ਼ ਹੋਇਆ ਦਲਿਤ-ਚੇਤਨਾ ਅਤੇ ਮਾਨਵ-ਮੁਕਤੀ ਦਾ ਸੰਕਲਪ ਉੱਨਾ ਹੀ ਸਾਰਥਕ ਅਤੇ ਪ੍ਰਾਸੰਗਿਕ ਹੈ। ਇਹ ਚਹੁੰ ਵਰਣਾਂ ਦੀ ਸਾਮਾਜਿਕ ਦਰਜੇ-ਬੰਦੀ ਨੂੰ ਨਕਾਰਦਾ ਹੋਇਆ ਹਰ ਮਨੁੱਖ ਵਿਚ ਇਕ ਜੋਤਿ ਦੇ ਪ੍ਰਕਾਸ ਨੂੰ ਅਨੁਭਵ ਕਰਨ ਉੱਤੇ ਬਲ ਦਿੰਦਾ ਹੈ। ਇਸ ਪਾਵਨ ਗ੍ਰੰਥ ਦੇ ਬਾਣੀਕਾਰ ਗੁਰੂ ਨਾਨਕ ਦੇਵ ਦੇ ਸ਼ਬਦਾਂ ਵਿਚ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥

(ਗੁਰੂ ਗ੍ਰੰਥ ਸਾਹਿਬ, ਪੰਨਾ-663)